# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 25-07-2024**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਭਲਕੇ, 25ਵੇਂ ਕਾਰਗਿਲ ਵਿਜੇ ਦਿਵਸ ਦੇ ਮੌਕੇ 'ਤੇ, ਦਰਾਸ ਵਿਖੇ ਜੰਗੀ ਯਾਦਗਾਰ ਦਾ ਦੌਰਾ ਕਰਕੇ ਡਿਊਟੀ ਦੌਰਾਨ, ਆਪਣੀ ਮਹਾਨ ਕੁਰਬਾਨੀ ਦੇਣ ਵਾਲੇ ਫੌਜ਼ੀਆਂ ਨੂੰ ਸ਼ਰਧਾਂਜਲੀ ਭੇਟ ਕਰਨਗੇ।
- ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਕਿਹਾ ਏ, ਕਿ ਪੰਜਾਬ ਦੀ 500 ਕਿਲੋਮੀਟਰ ਲੰਮੀ ਸਰਹੱਦੀ ਬੈਲਟ ਨੂੰ ਛੇਤੀ ਹੀ, ਐਂਟੀ ਡਰੋਨ ਸਿਸਟਮ ਨਾਲ ਲੈਸ ਕੀਤਾ ਜਾ ਰਿਹਾ ਏ।
- ਜਲ ਸ਼ਕਤੀ ਅਭਿਆਨ: ਕੈਚ ਦ ਰੇਨ' ਤਹਿਤ ਜਾਰੀ ਪਹਿਲਕਦਮੀਆਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ, ਇਕ ਕੇਂਦਰੀ ਟੀਮ ਨੇ ਲੁਧਿਆਣਾ ਦਾ ਦੌਰਾ ਕੀਤਾ।

- ਪੈਰਿਸ ਓਲੰਪਿਕ ਵਿਚ ਹਿੱਸਾ ਲੈ ਰਹੀ ਭਾਰਤੀ ਹਾਕੀ ਟੀਮ ਤੋਂ, ਸਾਬਕਾ ਖਿਡਾਰੀਆਂ ਅਤੇ ਆਮ ਲੋਕਾਂ ਨੂੰ ਇਸ ਵਾਰ ਸੋਨ ਤਮਗਾ ਜਿੱਤਣ ਦੀ ਆਸ।

---------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੱਲ੍ਹ 25ਵੇਂ ਕਾਰਗਿਲ ਵਿਜੇ ਦਿਵਸ ਦੇ ਮੌਕੇ 'ਤੇ ਦਰਾਸ ਵਿਖੇ, ਜੰਗੀ ਯਾਦਗਾਰ ਦਾ ਦੌਰਾ ਕਰਨਗੇ ਅਤੇ ਡਿਊਟੀ ਦੌਰਾਨ ਆਪਣੀ ਮਹਾਨ ਕੁਰਬਾਨੀ ਦੇਣ ਵਾਲੇ ਫੌਜ਼ੀਆਂ ਨੂੰ ਸ਼ਰਧਾਂਜਲੀ ਭੇਟ ਕਰਨਗੇ। ਉਹ ਸ਼ਿੰਕੁਨ ਲਾ ਸੁਰੰਗ ਪ੍ਰੋਜੈਕਟ ਦੀ ਉਸਾਰੀ ਦੇ ਕੰਮ ਦੀ ਵੀ ਵਰਚੁਅਲੀ ਸ਼ੁਰੂਆਤ ਕਰਨਗੇ। ਇਸ 4.1 ਕਿਲੋਮੀਟਰ ਲੰਬੀ ਟਵਿਨ ਟਿਊਬ ਸੁਰੰਗ ਦਾ ਨਿਰਮਾਣ ਲੇਹ ਨੂੰ ਹਰ ਮੌਸਮ ਵਿੱਚ ਸੰਪਰਕ ਪ੍ਰਦਾਨ ਕਰਨ ਲਈ ਨਿਮੂ-ਪਦੁਮ-ਦਰਚਾ ਰੋਡ 'ਤੇ ਕੋਈ 15 ਹਜ਼ਾਰ 800 ਫੁੱਟ ਦੀ ਉਚਾਈ 'ਤੇ ਕੀਤਾ ਜਾਵੇਗਾ। ਇੱਕ ਵਾਰ ਪੂਰਾ ਹੋਣ ਤੋਂ ਬਾਅਦ ਇਹ ਦੁਨੀਆ ਦੀ ਸਭ ਤੋਂ ਉੱਚੀ ਸੁਰੰਗ ਹੋਵੇਗੀ। ਸ਼ਿੰਕੁਨ ਲਾ ਸੁਰੰਗ ਨਾ ਸਿਰਫ਼ ਹਥਿਆਰਬੰਦ ਫੌਜਾਂ ਤੇ ਉਪਕਰਨਾਂ ਦੀ ਤੇਜ਼ ਅਤੇ ਕੁਸ਼ਲ ਆਵਾਜਾਈ ਨੂੰ ਯਕੀਨੀ ਬਣਾਏਗੀ ਸਗੋਂ

ਲੱਦਾਖ ਵਿੱਚ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਵੀ ਉਤਸ਼ਾਹਿਤ ਕਰੇਗੀ। ਕਾਰਗਿਲ ਵਿਜੇ ਦਿਵਸ ਦੀ 25ਵੀਂ ਵਰ੍ਹੇਗੰਢ ਤੋਂ ਇੱਕ ਦਿਨ ਪਹਿਲਾਂ ਯੁੱਧ ਦੇ ਸਾਬਕਾ ਫੌਜ਼ੀਆਂ, ਉਨਾਂ ਦੇ ਰਿਸ਼ਤੇਦਾਰਾਂ ਅਤੇ ਸਥਾਨਕ ਲੋਕਾਂ ਨੇ 1999 ਦੀ ਕਾਰਗਿਲ ਜੰਗ ਵਿੱਚ ਦੇਸ਼ ਦੀ ਇਤਿਹਾਸਕ ਜਿੱਤ ਦੀ ਯਾਦ ਵਿੱਚ ਦਰਾਸ ਦੇ ਲਾਮੋਚੇਨ ਪੁਆਇੰਟ ਵਿਖੇ ਇੱਕ ਇਕੱਠ ਵਿੱਚ ਸ਼ਿਰਕਤ ਕੀਤੀ । ਦਰਾਸ ਵਿੱਚ ਜੰਗੀ ਯਾਦਗਾਰ ਕਾਰਗਿਲ ਵਿਜੇ ਦਿਵਸ ਦੀ ਰਜਤ ਜਯੰਤੀ ਦੇ ਸ਼ਾਨਦਾਰ ਜਸ਼ਨ ਦੀ ਮੇਜ਼ਬਾਨੀ ਲਈ ਪੂਰੀ ਤਰ੍ਹਾਂ ਤਿਆਰ ਏ।

---------------------------------------------------------------

ਇਸ ਦੌਰਾਨ ਕਾਰਗਿਲ ਵਿਜੇ ਦਿਵਸ ਦੀ ਸਿਲਵਰ ਜੁਬਲੀ ਦੇ ਮੌਕੇ, ਫੌਜ਼ ਦੀ ਚੇਤਕ ਕੋਰ ਨੇ ਅੱਜ ਬਠਿੰਡਾ ਫ਼ੌਜੀ ਛਾਉਣੀ ਤੇ 'ਆਪਣੀ ਫੌਜ ਨੂੰ ਜਾਣੋ' ਥੀਮ ਹੇਠ, ਹਥਿਆਰਾਂ ਅਤੇ ਫੌਜੀ ਸਾਜ਼ੋ-ਸਾਮਾਨ ਦਾ ਆਕਰਸ਼ਕ ਪ੍ਰਦਰਸ਼ਨ ਕੀਤਾ। ਇਸ ਵਿੱਚ ਬਠਿੰਡਾ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਿਰਕਤ ਕੀਤੀ। ਬਠਿੰਡਾ ਦੇ ਵੱਖ-ਵੱਖ ਸਕੂਲਾਂ ਦੇ 1500 ਤੋਂ ਵੱਧ ਵਿਦਿਆਰਥੀ ਅਤੇ ਐਨ.ਸੀ.ਸੀ

ਕੈਡਿਟ ਹਾਜ਼ਰ ਰਹੇ। ਭਾਰਤੀ ਫੌਜ ਦੇ ਨਵੇਂ ਹਥਿਆਰਾਂ, ਸਾਜ਼ੋ-ਸਾਮਾਨ ਅਤੇ ਅਤਿ-ਆਧੁਨਿਕ ਤਕਨਾਲੋਜੀ ਦੀ ਪ੍ਰਭਾਵਸ਼ਾਲੀ ਪ੍ਰਦਰਸ਼ਨੀ ਤੋਂ ਸਾਰੇ ਹੀ ਬਹੁਤ ਪ੍ਰਭਾਵਿਤ ਹੋਏ। ਦੇਸ਼ ਭਗਤੀ ਦੇ ਗੀਤਾਂ ਨਾਲ ਲਾਈਵ ਬੈਂਡ ਦੀ ਪੇਸ਼ਕਾਰੀ ਅਤੇ ਓਪਰੇਸ਼ਨ ਵਿਜੇ 'ਤੇ ਪ੍ਰੇਰਕ ਫਿਲਮ ਨੇ ਸਮਾਗਮ ਦੇ ਉਤਸ਼ਾਹ ਨੂੰ ਹੋਰ ਵਧਾ ਦਿੱਤਾ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਬਹਾਦਰ ਸੈਨਿਕਾਂ ਅਤੇ ਅਧਿਕਾਰੀਆਂ ਨਾਲ ਗੱਲਬਾਤ ਵੀ ਕੀਤੀ। ਜਿਸ ਨੇ ਨੌਜਵਾਨ ਮਨਾਂ ਨੂੰ ਫੌਜੀ ਜੀਵਨ ਦੀ ਝਲਕ ਪ੍ਰਦਾਨ ਕੀਤੀ ਅਤੇ ਸਾਰੇ ਨੌਜਵਾਨਾਂ ਨੂੰ ਭਵਿੱਖ ਵਿੱਚ ਹਥਿਆਰਬੰਦ ਫੌਜਾਂ ਵਿੱਚ ਭਰਤੀ ਹੋਣ ਲਈ ਪ੍ਰੇਰਿਤ ਕੀਤਾ।

--------------------------------------------------------------

ਉਧਰ 25ਵਾਂ ਕਾਰਗਿਲ ਸ਼ਹੀਦੀ ਸ਼ਰਧਾਂਜਲੀ ਸਮਾਗਮ, ਬਰਨਾਲਾ ਦੇ ਬੀਬੀ ਪ੍ਰਧਾਨ ਕੌਰ ਗੁਰਦੁਆਰਾ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿਚ ਮਹਿਲ ਕਲਾਂ ਦੇ ਐਸ. ਡੀ. ਐਮ. ਸਤਵੰਤ ਸਿੰਘ ਔਜਲਾ ਨੇ, ਜ਼ਿਲ੍ਹਾ ਪ੍ਰਸਾਸ਼ਨ ਵਲੋਂ ਸ਼ਹੀਦ ਫੌਜੀ ਪਰਿਵਾਰਾਂ ਦੇ ਨਾਮ ਸੰਦੇਸ਼ ਪੜਿਆ। ਸਮਾਗਮ ਵਿਚ ਜ਼ਿਲ੍ਹਾ ਸਾਬਕਾ ਸੈਨਿਕ ਵਿੰਗ ਦੇ ਸਮੁਚੇ

ਅਹੁੱਦੇਦਾਰਾਂ ਦੀ ਹਾਜਰੀ ਵਿਚ, ਸ਼ਹੀਦ ਪਰਿਵਾਰਾਂ ਦੇ ਪਰਿਵਾਰਕ ਮੈਂਬਰਾਂ ਤੇ 20 ਦੇ ਕਰੀਬ ਜੰਗੀ ਵਿਧਵਾਵਾਂ ਨੂੰ ਸਨਮਾਨਿਤ ਕੀਤਾ ਗਿਆ।

---------------------------------------------------------

ਏਧਰ ਕਾਰਗਿਲ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਇੱਕ ਸਮਾਗਮ, ਸੈਨਿਕ ਭਲਾਈ ਵਿਭਾਗ ਹੁਸ਼ਿਆਰਪੁਰ ਅਤੇ ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਤਹਿਤ, ਕੇਂਦਰੀ ਸੰਚਾਰ ਬਿਊਰੋ ਜਲੰਧਰ ਵਲੋਂ ਵਾਰ ਮੈਮੋਰੀਅਲ ਵਿਖੇ ਭਲਕੇ ਕੀਤਾ ਜਾਵੇਗਾ । ਡਿਫੈਂਸ ਵੈਲਫੇਅਰ ਆਫਿਸਰ, ਸਾਬਕਾ ਵਿੰਗ ਕਮਾਂਡਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਵਿੱਚ, ਹੁਸ਼ਿਆਰਪੁਰ, ਕਪੂਰਥਲਾ, ਜਲੰਧਰ, ਨਵਾਂ ਸ਼ਹਿਰ ਦੇ , ਅਤੇ ਰੋਪੜ ਜਿਲਿਆਂ ਨਾਲ ਸੰਬੰਧਿਤ ਕਾਰਗਿਲ ਸ਼ਹੀਦਾਂ ਦੇ ਪਰਿਵਾਰ ਅਤੇ ਅਤੇ ਯੁੱਧ ਦੌਰਾਨ ਅਪੰਗਤਾ ਦਾ ਸ਼ਿਕਾਰ ਹੋਏ ਕਾਰਗਿਲ ਯੋਧੇ ਮੌਜੂਦ ਰਹਿਣਗੇ । ਪੰਜਾਬ ਦੇ ਕੈਬਨਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਸਮਾਗਮ ਦੇ ਮੁੱਖ ਮਹਿਮਾਨ ਹੋਣਗੇ ਅਤੇ ਕਾਰਗਿਲ ਯੋਧਿਆਂ ਦੇ ਪਰਿਵਾਰਾਂ ਨੂੰ ਸਨਮਾਨਿਤ ਕਰਨਗੇ । ਸੂਚਨਾ ਤੇ ਪ੍ਰਸਾਰਣ ਮੰਤਰਾਲੇ

ਤਹਿਤ, ਕੇਂਦਰੀ ਸੰਚਾਰ ਬਿਊਰੋ ਜਲੰਧਰ ਦੇ ਫੀਲਡ ਪਬਲਿਸਿਟੀ ਅਧਿਕਾਰੀ ਰਾਜੇਸ਼ ਬਾਲੀ ਨੇ ਦੱਸਿਆ ਕਿ ਇਸ ਮੌਕੇ, ਬਿਊਰੋ ਇੱਕ ਵਿਸ਼ੇਸ਼ ਫੋਟੋ ਪ੍ਰਦਰਸ਼ਨੀ ਵੀ ਲਗਾਏਗਾ, ਜਿਸ ਵਿੱਚ ਕਾਰਗਿਲ ਦੇ ਯੁੱਧ ਦੌਰਾਨ ਹੋਈਆਂ ਲਾਸਾਨੀ ਕੁਰਬਾਨੀਆਂ ਅਤੇ ਭਾਰਤੀ ਫੌਜ ਵੱਲੋਂ ਵਿਖਾਈ ਗਈ ਵੀਰਤਾ ਦੇ ਕਾਰਨਾਮਿਆਂ ਸਬੰਧੀ, ਫੋਟੋ ਪ੍ਰਦਰਸ਼ਿਤ ਕੀਤੇ ਜਾਣਗੇ। ਉਨਾਂ ਕਿਹਾ ਕਿ ਇਸ ਪ੍ਰਦਰਸ਼ਨੀ ਦਾ ਮੰਤਵ, ਜਿੱਥੇ ਕਾਰਗਿਲ ਦੇ ਮਹਾਨ ਸ਼ਹੀਦਾਂ ਅਤੇ ਯੋਧਿਆਂ ਨੂੰ ਸਲਾਮ ਕਰਨਾ ਏ, ਉੱਥੇ ਹੀ ਨਵੀਂ ਪੀੜੀ ਨੂੰ ਭਾਰਤੀ ਫੌਜ਼ ਦੇ ਵੀਰਤਾ ਪੂਰਨ ਕਾਰਨਾਮਿਆਂ ਤੋਂ ਜਾਣੂ ਕਰਾਣਾ ਵੀ ਏ, ਤਾਂ ਜੋ ਸ਼ਹੀਦਾਂ ਦੀ ਯਾਦ ਤਾਜ਼ਾ ਬਣੀ ਰਹੇ ਅਤੇ ਨਵੀਂ ਪੀੜੀ ਉਨਾਂ ਤੋਂ ਪ੍ਰੇਰਨਾ ਲੈ ਕੇ, ਦੇਸ਼ ਸੇਵਾ ਵਿੱਚ ਆਪਣਾ ਯੋਗਦਾਨ ਦੇ ਸਕੇ । ਇਹ ਪ੍ਰਦਰਸ਼ਨੀ ਸਵੇਰੇ 9 ਵਜੇ ਸ਼ੁਰੂ ਹੋ ਕੇ ਸ਼ਾਮ ਤੱਕ ਚੱਲੇਗੀ।

--------------------------------------------------------------

ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਕਿਹਾ ਏ, ਕਿ ਪੰਜਾਬ ਦੀ 500 ਕਿਲੋਮੀਟਰ ਲੰਬੀ ਸਰਹੱਦੀ ਬੈਲਟ ਨੂੰ ਛੇਤੀ ਹੀ ਐਂਟੀ ਡਰੋਨ ਸਿਸਟਮ ਨਾਲ ਲੈਸ ਕੀਤਾ ਜਾ ਰਿਹਾ ਏ। ਸਰਹੱਦੀ ਜ਼ਿਲੇ ਫਿਰੋਜ਼ਪੁਰ ਦੇ

ਪਿੰਡ ਬਾਰੇ ਕੇ ਵਿਖੇ, ਅੱਜ ਉਨਾਂ ਕਿਹਾ ਕਿ ਕੇਂਦਰ ਸਰਕਾਰ ਦੇ ਸਹਿਯੋਗ ਸਦਕਾ ਸਰਹੱਦ ਪਾਰੋਂ ਦੁਸ਼ਮਣ ਦੇਸ਼, ਹੁਣ ਆਪਣੇ ਨਾਪਾਕ ਇਰਾਦਿਆਂ ਨੂੰ ਸਿਰੇ ਨਹੀਂ ਚੜਾ ਸਕੇਗਾ। ਉਨਾਂ ਕਿਹਾ ਕਿ ਐਂਟੀ ਡਰੋਨ ਸਿਸਟਮ ਨਾਲ, ਸਰਹੱਦ ਪਾਰੋਂ ਡਰੋਨ ਰਾਹੀਂ ਆ ਰਹੇ ਨਸ਼ੇ ਤੇ ਸਮਾਜ ਵਿਰੋਧੀ ਗਤੀਵਿਧੀਆਂ ਨੂੰ ਠੱਲ ਪਵੇਗੀ। ਰਾਜਪਾਲ ਪੁਰੋਹਿਤ ਨੇ ਫਿਰੋਜ਼ਪੁਰ ਅਤੇ ਫਾਜ਼ਿਲਕਾ ਜ਼ਿਲਿਆਂ ਦੇ ਸਰਹੱਦੀ ਪਿੰਡਾਂ ਵਿੱਚ ਪੇਂਡੂ ਸੁਰੱਖਿਆ ਕਮੇਟੀਆਂ, ਪਿੰਡਾਂ ਦੀਆਂ ਪੰਚਾਇਤਾਂ, ਸਕੂਲਾਂ ਦੇ ਬੱਚਿਆਂ, ਅਧਿਆਪਕਾਂ ਅਤੇ ਪਤਵੰਤਿਆਂ ਨਾਲ ਖੁੱਲ ਕੇ ਗੱਲ ਬਾਤ ਕੀਤੀ । ਮੁੱਖ ਸਕੱਤਰ ਅਨੁਰਾਗ ਵਰਮਾ ਅਤੇ DGP ਗੌਰਵ ਯਾਦਵ ਤੋਂ ਅਲਾਵਾ ਫਿਰੋਜ਼ਪੁਰ ਤੇ ਫਾਜ਼ਿਲਕਾ ਜ਼ਿਲਿਆਂ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਹਾਜ਼ਰੀ ਵਿੱਚ, ਰਾਜਪਾਲ ਨੇ ਸਰਹੱਦੀ ਪਿੰਡਾਂ ਦੀਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ। ਲੋਕਾਂ ਨੇ ਹੁਸੈਨੀਵਾਲਾ ਬਾਰਡਰ ਖੋਲਣ ਦੀ ਮੰਗ ਕੀਤੀ, ਜਿਸ ਤੇ ਰਾਜਪਾਲ ਪੁਰੋਹਿਤ ਨੇ ਕਿਹਾ ਕਿ ਉਹ, ਇਸ ਮੰਗ ਨੂੰ ਕੇਂਦਰ ਸਰਕਾਰ ਤੱਕ ਪਹੁੰਚਾਉਣਗੇ। ਉਨਾਂ ਕਿਹਾ ਕਿ 6 ਸਰਹੱਦੀ ਜ਼ਿਲਿਆਂ ਦੇ ਜਿਹੜੇ ਪਿੰਡ ਪਾਕਿਸਤਾਨ ਵਾਲੇ ਪਾਸਿਓਂ ਆ ਰਹੇ ਡਰੋਨਾਂ ਦੀ ਸੂਹ ਦੇਣਗੇ ਅਤੇ

ਆਪਣੇ ਪਿੰਡ ਨੂੰ ਨਸ਼ਾ ਮੁਕਤ ਕਰਨਗੇ, ਉਨਾਂ ਨੂੰ ਰਾਜਪਾਲ ਦੇ ਅਖਤਿਆਰੀ ਫੰਡ ਵਿੱਚੋਂ ਰਕਮ ਦਿੱਤੀ ਜਾਵੇਗੀ। ਇਸ ਫੰਡ ਵਿਚ 72 ਲੱਖ ਰੁਪਏ ਦੀ ਰਕਮ ਰੱਖੀ ਗਈ ਏ। ਰਾਜਪਾਲ ਪੁਰੋਹਿਤ ਦੀ ਫੇਰੀ ਦੌਰਾਨ ਪੰਜਾਬ ਪੁਲਿਸ ਅਤੇ ਬੀ ਐਸ ਐਫ ਨੇ, ਸਰਹੱਦ ਤੋਂ ਜਬਤ ਕੀਤੇ ਡਰੋਨ ਅਤੇ ਨਸ਼ਿਆਂ ਦੀ ਖੇਪ ਦੀ ਇੱਕ ਪ੍ਰਦਰਸ਼ਨੀ ਵੀ ਲਗਾਈ।

---------------------------------------------------------

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਡਾ ਸੁਭਾਸ਼ ਸ਼ਰਮਾ ਨੇ ਕਿਹਾ ਏ, ਕਿ ਆਮ ਆਦਮੀ ਪਾਰਟੀ ਸਰਕਾਰ ਦੀ ਕਥਿਤ ਸ਼ਹਿ 'ਤੇ ਪੰਜਾਬ ਵਿੱਚ ਰੇਤ ਮਾਫੀਆ ਦਿਨੋ ਦਿਨ ਤਗੜਾ ਹੁੰਦਾ ਜਾ ਰਿਹਾ ਏ, ਜਿਸ ਦੀ ਤਾਜ਼ਾ ਮਿਸਾਲ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਅਧੀਨ ਆਉਂਦੇ ਪਿੰਡ ਅਲਗਰਾਂ ਦੇ ਖਸਤਾ ਹਾਲਤ ਵਿੱਚ ਪਹੁੰਚੇ ਪੁੱਲ ਤੋਂ ਲਗਾਈ ਜਾ ਸਕਦੀ ਏ । ਲੋਕਾਂ ਵੱਲੋਂ ਮਿਲੀ ਸ਼ਿਕਾਇਤ ਤੋਂ ਬਾਅਦ, ਪਿੰਡ ਅਲਗਰਾਂ ਵਿੱਚ ਕੀਤੇ ਗਏ ਆਪਣੇ ਦੋਰੇ ਦੌਰਾਨ ਉਨਾਂ ਇਹ ਗੱਲ ਆਖੀ। ਲੋਕਾਂ ਨੇ ਡਾਕਟਰ ਸ਼ਰਮਾ ਨੂੰ ਦੱਸਿਆ ਕਿ ਦਿਨ ਰਾਤ ਰੇਤ

ਮਾਫੀਆ ਦੇ ਭਾਰੀ ਭਰਕਮ ਟਰੱਕਾਂ ਦੀ ਆਵਾਜਾਹੀ ਕਾਰਨ, ਇਹ ਪੁੱਲ ਕਦੇ ਵੀ ਡਿੱਗ ਸਕਦਾ ਏ ਅਤੇ ਪੁੱਲ ਦੀ ਖਸਤਾ ਹਾਲਤ ਕਾਰਨ, ਨੇੜਲੇ ਪਿੰਡਾਂ ਦੇ ਲੋਕਾਂ ਨੂੰ ਕਰੀਬ 20 ਤੋਂ 25 ਕਿਲੋਮੀਟਰ ਵੱਧ ਰਸਤਾ ਤੈਅ ਕਰਨਾ ਪੈ ਰਿਹਾ ਏ । ਡਾਕਟਰ ਸੁਭਾਸ਼ ਸ਼ਰਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ  ਸਰਕਾਰ ਬੇਖੌਫ ਰੇਤ ਮਾਫੀਆ ਤੇ ਨਕੇਲ ਕਸਣ ਤੇ ਨਾਕਾਮ ਰਹੀ ਏ ਅਤੇ ਹਲਕਾ ਵਿਧਾਇਕ ਹਰਜੋਤ ਬੈਂਸ ਇਨਾਂ ਰੇਤ ਮਾਫੀਆ ਦੀ ਭੇਂਟ ਚੜੇ ਪੁੱਲ ਬਾਬਤ ਆਪਣੀ ਸਰਕਾਰ ਤੋਂ ਕੋਈ ਹੱਲ ਨਹੀਂ ਕਰਵਾ ਪਾ ਸਕੇ ਨੇ ।

---------------------------------------------------------------

ਜਲ ਸ਼ਕਤੀ ਅਭਿਆਨ: ਕੈਚ ਦ ਰੇਨ' ਤਹਿਤ ਜਾਰੀ ਪਹਿਲਕਦਮੀਆਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ, ਇਕ ਕੇਂਦਰੀ ਟੀਮ ਨੇ ਲੁਧਿਆਣਾ ਦਾ ਦੌਰਾ ਕੀਤਾ । ਜ਼ਿਲੇ ਦੇ ਵਧੀਕ ਡਿਪਟੀ ਕਮਿਸ਼ਨਰ ਅਨਮੋਲ ਸਿੰਘ ਧਾਲੀਵਾਲ, ਵਿਗਿਆਨੀ ਸੀ ਅਤੇ ਟੈਕਨੀਕਲ ਅਫ਼ਸਰ ਗਾਰਗੀ ਵਾਲੀਆ, ਕੇਂਦਰੀ ਨੋਡਲ ਅਫ਼ਸਰ ਦੇਵੇਸ਼ ਗੁਪਤਾ ਨੇ ਸਬੰਧਤ ਵਿਭਾਗਾਂ ਨਾਲ ਸਮੀਖਿਆ ਮੀਟਿੰਗ ਕੀਤੀ । ਦੇਵੇਸ਼ ਗੁਪਤਾ ਨੇ ਧਰਤੀ ਹੇਠਲੇ

ਪਾਣੀ ਦੇ ਘਟ ਰਹੇ ਪੱਧਰ ਨੂੰ ਸੁਧਾਰਨ ਲਈ ਸਾਰੇ ਵਿਭਾਗਾਂ ਵਲੋਂ ਠੋਸ ਯਤਨਾਂ ਦੀ ਜਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਮੌਨਸੂਨ ਦੀ ਸ਼ੁਰੂਆਤ ਤੋਂ ਪਹਿਲਾਂ ਹੋਰ ਪ੍ਰੋਜੈਕਟ ਸ਼ੁਰੂ ਕਰਨ ਦਾ ਸੱਦਾ ਦਿੱਤਾ ਤਾਂ ਜੋ ਮਹੱਤਵਪੂਰਨ ਸੁਧਾਰ ਲਿਆਂਦਾ ਜਾ ਸਕੇ। ਕੇਂਦਰੀ ਟੀਮ ਨੇ ਜਲ ਸ਼ਕਤੀ ਕੇਂਦਰ ਦੁੱਗਰੀ ਦਾ ਦੌਰਾ ਕੀਤਾ ਅਤੇ ਤਲਵੰਡੀ ਕਲਾਂ, ਐਤੀਆਣਾ ਅਤੇ ਧੌਲ ਖੁਰਦ ਸਮੇਤ ਵੱਖ-ਵੱਖ ਥਾਵਾਂ 'ਤੇ ਬਰਸਾਤੀ ਪਾਣੀ ਦੀ ਸੰਭਾਲ ਪ੍ਰਣਾਲੀ ਦਾ ਮੁਆਇਨਾ ਕੀਤਾ ਅਤੇ ਨਾਲ ਹੀ ਪਿੰਡ ਮੋਹੀ ਵਿਖੇ ਜੰਗਲਾਤ ਰਕਬਾ ਵਧਾਉਣ ਲਈ ਬੂਟੇ ਲਗਾਏ ਗਏ ਕੇਂਦਰੀ ਨੋਡਲ ਅਫਸਰ ਦੇਵੇਸ਼ ਗੁਪਤਾ ਨੇ ਸਬੰਧਤ ਵਿਭਾਗਾਂ ਨੂੰ ਲੋਕਾਂ ਵਿੱਚ ਪਾਣੀ ਦੀ ਸੰਭਾਲ ਅਤੇ ਵਾਢੀ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਹੋਰ ਆਈ.ਈ.ਸੀ. ਗਤੀਵਿਧੀਆਂ ਕਰਨ ਲਈ ਵੀ ਕਿਹਾ। ਉਨਾਂ ਜ਼ਿਲ੍ਹਾ ਜਲ ਸੰਭਾਲ ਯੋਜਨਾ ਦੇ ਸਫਲ ਸਮਾਂਬੱਧ ਅਮਲ ਨੂੰ ਯਕੀਨੀ ਬਣਾਉਣ ਲਈ ਸਮੇਂ-ਸਮੇਂ 'ਤੇ ਸਮੀਖਿਆ ਕਰਨ ਦੀ ਜਰੂਰਤ ਵੀ ਦੱਸੀ।

---------------------------------------------------------------

ਪੈਰਿਸ ਓਲੰਪਿਕ ਦਾ ਉਦਘਾਟਨ ਸਮਾਗਮ ਭਲਕੇ 26 ਜੁਲਾਈ ਨੂੰ

ਹੋਵੇਗਾ। ਸਮੁੱਚੀ ਦੁਨੀਆਂ ਦੇ ਖੇਡ ਪ੍ਰੇਮੀਆਂ ਵਿਚ ਇਸ ਨੂੰ ਲੈ ਕੇ ਉਤਸ਼ਾਹ ਬਣਿਆ ਹੋਇਆ ਏ। ਸਮਾਗਮ ਵਿਚ ਭਾਰਤੀ ਖਿਡਾਰੀਆਂ ਦੇ ਦਸਤੇ ਦੀ ਅਗਵਾਈ ਉੱਘੀ ਬੈਡਮਿੰਟਨ ਖਿਡਾਰੀ ਪੀ ਵੀ ਸਿੰਧੂ ਅਤੇ ਟੇਬਲ ਟੇਨਿਸ ਖਿਡਾਰੀ ਸ਼ਰਥ ਕਮਲ ਕਰਨਗੇ। ਆਪਣੀ ਇਸ ਭੂਮਿਕਾ ਤੇ ਇਹ ਦੋਵੇਂ ਮਾਨ ਮਹਿਸੂਸ ਕਰਦੇ ਨੇ।

**BYTE:**

---------------------------------------------------

ਏਧਰ ਓਲੰਪਿਕ ਦੇ ਏਅਰ ਰਾਈਫਲ ਸ਼ੂਟਿੰਗ ਮੁਕਾਬਲੇ ਦੇ ਸੋਨ ਤਮਗਾ ਜੇਤੂ ਗਗਨ ਨਾਰੰਗ ਨੇ ਕਿਹਾ ਕਿ ਸਰਕਾਰ ਤੋਂ ਖਿਡਾਰੀਆਂ ਨੂੰ ਵੱਡੀ ਹਮਾਇਤ ਤੇ ਸਹਿਯੋਗ ਮਿਲਣਾ ਸ਼ਲਾਘਾਯੋਗ ਏ।

**BYTE:**

---------------------------------------------------

ਪੈਰਿਸ ਓਲੰਪਿਕ ਵਿਚ ਗਏ ਭਾਰਤੀ ਖਿਡਾਰੀਆਂ ਦੇ ਦਲ ਤੋਂ ਦੇਸ਼ ਵਾਸੀਆਂ ਨੂੰ ਖਾਸ ਉਮੀਦਾਂ ਨੇ, ਕਿ ਉਹ ਦੇਸ਼ ਲਈ ਪਿਛਲੀ ਵਾਰ ਤੋਂ ਵੱਧ

ਤਮਗੇ, ਜ਼ਰੂਰ ਜਿੱਤ ਕੇ ਲਿਆਉਣਗੇ। ਓਲੰਪਿਕ ਦੀ ਹਾਕੀ ਟੀਮ ਵਿਚ ਪੰਜਾਬ ਦੇ ਹੀ 10 ਖਿਡਾਰੀ ਸ਼ਾਮਲ ਨੇ। ਇਸ ਲਈ ਪੰਜਾਬ ਦੇ ਲੋਕਾਂ ਅਤੇ ਸਾਬਕਾ ਖਿਡਾਰੀਆਂ ਵਿਚ ਤਾਂ ਹਾਕੀ ਦੀ ਟੀਮ ਨੂੰ ਲੈ ਕੇ, ਇਕ ਖਾਸ ਉਤਸ਼ਾਹ ਬਣਿਆ ਹੋਇਆ ਏ।

*ਇਕ ਰਿਪੋਰਟ :ਡਿਸਪੈਚ:ਹਾਕੀ ਪੰਜਾਬ ਦਾ ਹਰਮਨਪਿਆਰਾ ਖੇਡ ਏ। ਖ਼ਾਸਤੌਰ ਤੇ ਜਲੰਧਰ ਲਾਗੇ ਸੰਸਾਰਪੁਰ, ਖੁਸਰੋਪੁਰ ਤੇ ਮਿੱਠਾਪੁਰ ਨੇ ਅਨੇਕਾਂ ਚੋਟੀ ਦੇ ਹਾਕੀ ਖਿਡਾਰੀ ਦੇਸ਼ ਨੂੰ ਦਿੱਤੇ ਨੇ ਜਿਨਾਂ ਕੌਮਾਂਤਰੀ ਪੱਧਰ ਤੇ ਨਾਮਣਾ ਖਟਿਆ ਏ। ਪੈਰਿਸ ਓਲੰਪਿਕ ਵਿਚ ਹਿੱਸਾ ਲੈ ਰਹੀ ਭਾਰਤੀ ਹਾਕੀ ਟੀਮ ਵਿਚ ਵੀ ਦੱਸ ਖਿਡਾਰੀ ਪੰਜਾਬ ਨਾਲ ਹੀ ਸੰਬੰਧਤ ਨੇ। ਇਸ ਲਈ ਹਾਕੀ ਟੀਮ ਨੂੰ ਲੈ ਕੇ ਲੋਕਾਂ ਤੇ ਹਾਕੀ ਖਿਡਾਰੀਆਂ ਵਿਚ ਉਤਸ਼ਾਹ ਵੇਖਦਿਆਂ ਹੀ ਬਣਦਾ ਏ। ਸਾਬਕਾ ਓਲੰਪੀਅਨ ਗੁਨਦੀਪ ਕੁਮਾਰ ਦਾ ਕਹਿਣਾ ਏ*

***Byte***

*ਇਸੇ ਤਰਾਂ ਨਾਲ ਗੋਲਕੀਪਰ ਵਜੋਂ ਭਾਰਤੀ ਹਾਕੀ ਟੀਮ ਦਾ ਹਿੱਸਾ ਰਹੇ ਤੇਜਾ ਸਿੰਘ ਨੂੰ ਭਰੋਸਾ ਏ ਕਿ ਭਾਰਤੀ ਹਾਕੀ ਟੀਮ ਕਾਂਸੇ ਨੂੰ ਸੋਨੇ ਵਿਚ ਜਰੂਰ ਬਦਲੇਗੀ।*

***Byte***

*ਯਕੀਨਨ ਇਹ ਆਸ ਕੀਤੀ ਜਾਣੀ ਚਾਹੀਦੀ ਏ ਕਿ ਭਾਰਤੀ ਖਿਡਾਰੀ ਪੈਰਿਸ ਓਲੰਪਿਕ ਵਿਚ ਤਿਰੰਗੇ ਦੀ ਸ਼ਾਨ ਵਿਚ ਚਾਰ ਚੰਨ ਲਗਾ ਕੇ ਆਪਣਾ ਤੇ ਆਪਣੇ ਦੇਸ਼ ਦਾ ਨਾਮ ਜਰੂਰ ਰੌਸ਼ਨ ਕਰਨਗੇ। ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ*

---------------------------------------------------

**ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਭਲਕੇ, 25ਵੇਂ ਕਾਰਗਿਲ ਵਿਜੇ ਦਿਵਸ ਦੇ ਮੌਕੇ 'ਤੇ, ਦਰਾਸ ਵਿਖੇ ਜੰਗੀ ਯਾਦਗਾਰ ਦਾ ਦੌਰਾ ਕਰਕੇ

ਡਿਊਟੀ ਦੌਰਾਨ, ਆਪਣੀ ਮਹਾਨ ਕੁਰਬਾਨੀ ਦੇਣ ਵਾਲੇ ਫੌਜ਼ੀਆਂ ਨੂੰ ਸ਼ਰਧਾਂਜਲੀ ਭੇਟ ਕਰਨਗੇ।

- ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਕਿਹਾ ਏ, ਕਿ ਪੰਜਾਬ ਦੀ 500 ਕਿਲੋਮੀਟਰ ਲੰਮੀ ਸਰਹੱਦੀ ਬੈਲਟ ਨੂੰ ਛੇਤੀ ਹੀ, ਐਂਟੀ ਡਰੋਨ ਸਿਸਟਮ ਨਾਲ ਲੈਸ ਕੀਤਾ ਜਾ ਰਿਹਾ ਏ।
- ਜਲ ਸ਼ਕਤੀ ਅਭਿਆਨ: ਕੈਚ ਦ ਰੇਨ' ਤਹਿਤ ਜਾਰੀ ਪਹਿਲਕਦਮੀਆਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ, ਇਕ ਕੇਂਦਰੀ ਟੀਮ ਨੇ ਲੁਧਿਆਣਾ ਦਾ ਦੌਰਾ ਕੀਤਾ।
- ਪੈਰਿਸ ਓਲੰਪਿਕ ਵਿਚ ਹਿੱਸਾ ਲੈ ਰਹੀ ਭਾਰਤੀ ਹਾਕੀ ਟੀਮ ਤੋਂ, ਸਾਬਕਾ ਖਿਡਾਰੀਆਂ ਅਤੇ ਆਮ ਲੋਕਾਂ ਨੂੰ ਇਸ ਵਾਰ ਸੋਨ ਤਮਗਾ ਜਿੱਤਣ ਦੀ ਆਸ।